Australian Government
Department of Home Affairs

ਇਸ ਸਫੇ ਉੱਤੇ


- ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ
    - ਸੁਰੱਖਿਅਤ ਯਾਤਰਾ ਖੇਤਰ
    - ਨਿਊਜ਼ੀਲੈਂਡ ਤੋਂ ਸੁਰੱਖਿਅਤ ਯਾਤਰਾ ਖੇਤਰ ਦੀਆਂ ਉਡਾਣਾਂ ਵਾਸਤੇ COVID-19 ਸ਼ਰਤਾਂ
    - ਆਸਟ੍ਰੇਲੀਆ ਵਿੱਚ ਪਹੁੰਚਣਾ
    - ਸਹਾਇਤਾ


# ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ

ਇਸ ਤੋਂ ਪਹਿਲਾਂ ਕਿ ਤੁਸੀਂ ਆਸਟ੍ਰੇਲੀਆ ਦੀ ਯਾਤਰਾ ਕਰੋ, ਤੁਹਾਨੂੰ ਆਸਟ੍ਰੇਲੀਆ ਜਾਣ ਤੋਂ ਘੱਟੋ ਘੱਟ 72 ਘੰਟੇ ਪਹਿਲਾਂ ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਨੂੰ ਪੂਰਾ ਕਰਨਾ ਚਾਹੀਦਾ ਹੈ।

ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਆਸਟ੍ਰੇਲੀਆ ਵਿੱਚ ਤੁਹਾਡੇ ਸੰਪਰਕ ਵੇਰਵਿਆਂ, ਉਡਾਣ ਦੇ ਵੇਰਵਿਆਂ, ਕੁਆਟ੍ਰਨੀਨ ਲੋੜਾਂ ਅਤੇ ਤੁਹਾਡੀ ਸਿਹਤ ਅਵਸਥਾ ਨੂੰ ਇਕੱਤਰ ਕਰਦਾ ਹੈ।

ਇਹ ਜਾਣਕਾਰੀ ਆਸਟ੍ਰੇਲੀਆ ਦੀ ਸਰਕਾਰ ਨੂੰ ਤੁਹਾਡੇ ਕੁਆਰਨਟੀਨ ਪ੍ਰਬੰਧਾਂ (ਜੇ ਲੋੜ ਪਵੇ) ਦਾ ਨਿਰਣਾ ਕਰਨ ਵਿੱਚ ਮਦਦ ਕਰਦੀ ਹੈ, ਅਤੇ ਸਬੰਧਿਤ ਸਿਹਤ ਵਿਭਾਗਾਂ ਨੂੰ ਵੀ ਤੁਹਾਡੇ ਨਾਲ ਸੰਪਰਕ ਕਰਨ ਦੀ ਆਗਿਆ ਦਿੰਦੀ ਹੈ, ਜੇਕਰ ਤੁਸੀਂ ਕਿਸੇ ਨਾਲ ਸਫਰ ਕੀਤਾ ਜੋ COVID-19 ਦੇ ਟੈਸਟਾਂ ਵਾਸਤੇ ਪੌਜ਼ੇਟਿਵ ਆਇਆ/ਆਈ ਹੈ। ਜੇ ਤੁਸੀਂ ਘੋਸ਼ਣਾ ਪੱਤਰ ਪੂਰਾ ਨਹੀਂ ਕਰਦੇ ਹੋ ਤਾਂ ਹੋ ਸਕਦਾ ਹੈ ਤੁਸੀਂ ਆਪਣੀ ਉਡਾਣ ਵਿੱਚ ਚੜ੍ਹਨ ਦੇ ਯੋਗ ਨਾ ਹੋਵੋ, ਜਾਂ ਜਦ ਤੁਸੀਂ ਆਸਟ੍ਰੇਲੀਆ ਪਹੁੰਚਦੇ ਹੋ ਤਾਂ ਤੁਹਾਨੂੰ ਦੇਰੀਆਂ ਦਾ ਸਾਮ੍ਹਣਾ ਕਰਨਾ ਪੈ ਸਕਦਾ ਹੈ।

ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ, ਆਸਟ੍ਰੇਲੀਆ ਵਿੱਚ ਦਾਖਲ ਹੋਣ ਵਾਲੇ ਇਹਨਾਂ ਯਾਤਰੀਆਂ ਵਾਸਤੇ ਹੈ:

- ਆਸਟ੍ਰੇਲੀਆ ਦੇ ਨਾਗਰਿਕ ਅਤੇ ਪੱਕੇ ਨਿਵਾਸੀ
- ਉਹ ਲੋਕ ਜਿੰਨ੍ਹਾਂ ਨੂੰ ਆਪਣੇ ਆਪ ਯਾਤਰਾ ਦੀਆਂ ਪਾਬੰਦੀਆਂ ਤੋਂ ਛੋਟ ਮਿਲੀ ਹੋਈ ਹੈ

- ਉਹ ਲੋਕ ਜਿੰਨ੍ਹਾਂ ਨੂੰ ਵਰਤਮਾਨ ਯਾਤਰਾ ਪਾਬੰਦੀਆਂ ਵਾਸਤੇ ਵਿਅਕਤੀਗਤ ਛੋਟ ਦਿੱਤੀ ਗਈ ਹੈ।
- ਲੰਘਣ ਵਾਲੇ ਯਾਤਰੀ।

ਉਹ ਯਾਤਰੀ ਜਿੰਨ੍ਹਾਂ ਨੂੰ ਆਸਟ੍ਰੇਲੀਆ ਯਾਤਰਾ ਘੋਸ਼ਣਾ ਨੂੰ ਪੂਰਾ ਕਰਨ ਦੀ ਲੋੜ **ਨਹੀਂ ਹੈ** ਉਹਨਾਂ ਵਿੱਚ ਸ਼ਾਮਲ ਹਨ:

- ਹਵਾਈ ਕਰਮਚਾਰੀ
- ਵਿਦੇਸ਼ੀ ਡਿਪਲੋਮੈਟ
- ਫੌਜੀ ਉਡਾਣਾਂ ਵਿੱਚ ਯਾਤਰਾ ਕਰਨ ਵਾਲੇ ਲੋਕ

ਇਸ ਤੋਂ ਪਹਿਲਾਂ ਕਿ ਤੁਸੀਂ ਆਪਣਾ ਘੋਸ਼ਣਾ ਪੱਤਰ ਭਰਨਾ ਸ਼ੁਰੂ ਕਰੋ, ਇਹ ਜਾਣਕਾਰੀ ਤਿਆਰ ਰੱਖੋ:

- ਪਾਸਪੋਰਟ ਦੇ ਵੇਰਵੇ
- ਯਾਤਰਾ ਦੀ ਜਾਣਕਾਰੀ
- ਪਹੁੰਚਣ ਵਾਲੇ ਟਿਕਾਣੇ ਦਾ ਵੇਰਵਾ
- ਸੰਪਰਕ ਵੇਰਵੇ।

ਤੁਹਾਨੂੰ ਲਾਜ਼ਮੀ ਤੌਰ ਤੇ ਨਵੀਨਤਮ Microsoft Edge (ਮਾਈਕਰੋਸੌਫਟ ਐੱਜ), Safari (ਸਫਾਰੀ), Google Chrome (ਗੂਗਲ ਕਰੋਮ) ਜਾਂ Firefox (ਫਾਇਰ ਫੌਕਸ) ਦੀ ਵਰਤੋਂ ਕਰਨੀ ਚਾਹੀਦੀ ਹੈ। ਆਸਟ੍ਰੇਲੀਆ ਯਾਤਰਾ ਘੋਸ਼ਣਾ Internet Explorer (ਇੰਟਰਨੈੱਟ ਐਕਸਪਲੋਰਰ) ਵਿੱਚ ਕੰਮ ਨਹੀਂ ਕਰਦੀ ਹੈ।

ਤੁਹਾਨੂੰ ਇਕ ਖਾਤਾ (ਅਕਾਉਂਟ) ਬਣਾਉਣ ਦੀ ਲੋੜ ਪਵੇਗੀ, ਜੋ ਤੁਹਾਨੂੰ ਇਕ ਥਾਂ ਉੱਤੇ ਆਪਣੇ ਵਰਤਮਾਨ ਅਤੇ ਭਵਿੱਖ ਦੇ ਐਲਾਨਾਂ ਦਾ ਪ੍ਰਬੰਧ ਕਰਨ ਦੇ ਯੋਗ ਬਣਾਵੇਗਾ। ਪਰ, ਇਕ ਵਾਰ ਜਮ੍ਹਾਂ ਕੀਤੇ ਜਾਣ ਤੋਂ ਬਾਅਦ ਤੁਸੀਂ ਆਪਣੇ ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਦੇ ਜਵਾਬਾਂ ਨੂੰ ਦੋਬਾਰਾ ਨਹੀਂ ਬਦਲ ਸਕਦੇ। ਤੁਹਾਨੂੰ ਇਕ ਨਵਾਂ ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਜਮ੍ਹਾਂ ਕਰਨ ਅਤੇ ਫੇਰ ਪਿਛਲੇ ਘੋਸ਼ਣਾ ਪੱਤਰ ਨੂੰ ਹਟਾਉਣ ਦੀ ਲੋੜ ਪਵੇਗੀ। ਇਸ ਵਿੱਚ ਸ਼ਾਮਲ ਹੈ ਜੇ ਤੁਹਾਡੀ ਉਡਾਣ ਵਿੱਚ ਕੋਈ ਤਬਦੀਲੀ ਆਈ ਹੈ, ਸਿਹਤ ਬਦਲੀ ਹੈ ਜਾਂ ਤੁਸੀਂ ਕੋਈ ਗਲਤੀ ਕੀਤੀ ਹੈ।

ਹਰੇਕ ਬਾਲਗ ਨੂੰ ਆਪਣਾ ਘੋਸ਼ਣਾ ਪੱਤਰ ਪੂਰਾ ਕਰਨਾ ਚਾਹੀਦਾ ਹੈ। ਪਰ, ਮਾਪਿਆਂ ਨੂੰ 15 ਸਾਲ ਤੋਂ ਘੱਟ ਉਮਰ ਦੇ ਹਰ ਬੱਚੇ ਵਾਸਤੇ ਘੋਸ਼ਣਾ ਪੱਤਰ ਪੂਰਾ ਕਰਨਾ ਚਾਹੀਦਾ ਹੈ।

ਤੁਹਾਨੂੰ ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਵਾਸਤੇ ਭੁਗਤਾਨ ਕਰਨ ਦੀ ਲੋੜ ਨਹੀਂ ਹੈ – ਇਹ ਮੁਫ਼ਤ ਹੈ।

ਇਕ ਵਾਰ ਜਦ ਤੁਸੀਂ ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਨੂੰ ਪੂਰਾ ਕਰ ਲੈਂਦੇ ਹੋ, ਤਾਂ ਤੁਹਾਨੂੰ ਉਹਨਾਂ ਵੇਰਵਿਆਂ ਵਾਲੀ ਇਕ ਈਮੇਲ ਪ੍ਰਾਪਤ ਹੋਵੇਗੀ ਜੋ ਤੁਸੀਂ ਆਪਣੀ ਉਡਾਣ ਵਿੱਚ ਚੜ੍ਹਨ ਤੋਂ ਪਹਿਲਾਂ ਅਤੇ ਆਸਟ੍ਰੇਲੀਆ ਪਹੁੰਚਣ ਤੇ (ਜਾਂ ਤਾਂ ਇਲੈਕਟ੍ਰੌਨਿਕ ਤੌਰ ਤੇ ਜਾਂ ਪ੍ਰਿੰਟ ਕੀਤੀ) ਦਿਖਾ ਸਕਦੇ ਹੋ।

ਤੁਹਾਡੀ ਈਮੇਲ ਵਿੱਚ ਨਤੀਜੇ ਬਾਰੇ ਇਹਨਾਂ ਵਿੱਚੋਂ ਇਕ ਹੋਵੇਗਾ:

- ਹਰਾ ਜਵਾਬ (ਠੀਕ ਚਿੰਨ੍ਹ ਦੇ ਨਾਲ), ਜੇ ਤੁਹਾਨੂੰ ਪਹੁੰਚਣ ਤੇ ਕੁਆਰਨਟੀਨ ਕਰਨ ਦੀ ਲੋੜ ਨਹੀਂ ਹੈ
- ਨੀਲਾ ਜਵਾਬ (ਸਮਾਂ ਮਾਪਣ ਵਾਲੀ ਰੇਤ ਘੜੀ ਦੇ ਨਾਲ), ਜੇ ਤੁਹਾਨੂੰ ਪਹੁੰਚਣ ਤੇ ਕੁਆਰਨਟੀਨ ਕਰਨ ਦੀ ਲੋੜ ਹੈ
- ਲਾਲ ਜਵਾਬ (ਇਕ ਕਾਂਟੇ ਦੇ ਨਾਲ), ਜੇ ਤੁਸੀਂ ਸੰਕੇਤ ਦਿੱਤਾ ਸੀ ਕਿ ਤੁਹਾਨੂੰ:
    - COVID-19 ਵਰਗੇ ਲੱਛਣ ਹਨ
    - COVID-19 ਦੇ ਲੱਛਣਾਂ ਵਾਲੇ ਕਿਸੇ ਵਿਅਕਤੀ ਦੇ ਨੇੜੇ ਰਹੇ ਹੋ।
    - ਨਿਊਜ਼ੀਲੈਂਡ ਵਿੱਚ ਚਿੰਤਾ ਵਾਲੇ ਸਥਾਨ ਵਿੱਚ ਰਹੇ ਹੋ
    - ਆਸਟ੍ਰੇਲੀਆ ਜਾਣ ਲਈ ਨਕਾਰਾਤਮਕ COVID-19 ਟੈਸਟ ਦੇ ਨਤੀਜੇ ਦੀ ਲੋੜ ਨੂੰ ਸਵੀਕਾਰ ਨਹੀਂ ਕੀਤਾ ਹੈ
- **ਲਾਲ ਜਵਾਬਾਂ**, ਵਾਸਤੇ ਏਅਰਲਾਈਨਾਂ ਇਹ ਨਿਰਣਾ ਕਰਨਗੀਆਂ ਕਿ ਕੀ ਤੁਸੀਂ ਯਾਤਰਾ ਕਰ ਸਕਦੇ ਹੋ। ਜੇ ਤੁਸੀਂ ਆਸਟ੍ਰੇਲੀਆ ਵੱਲ ਨੂੰ ਯਾਤਰਾ ਕਰ ਸਕਦੇ ਹੋ, ਤਾਂ ਤੁਹਾਨੂੰ ਪਹੁੰਚਣ ਤੇ ਕੁਆਰਨਟੀਨ ਕਰਨ ਦੀ ਲੋੜ ਪਵੇਗੀ।

**ਨੋਟ ਕਰੋ: ਆਸਟ੍ਰੇਲੀਆ ਦੀ ਸਰਕਾਰ ਨੂੰ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣਾ ਇਕ ਗੰਭੀਰ ਜ਼ੁਰਮ ਹੈ। ਜੇ ਦੋਸ਼ੀ ਪਾਏ ਜਾਂਦੇ ਹੋ, ਤਾਂ ਵੱਧ ਤੋਂ ਵੱਧ ਸਜ਼ਾ 12 ਮਹੀਨਿਆਂ ਲਈ ਕੈਦ ਹੈ।**

ਵਿਭਾਗ ਨੇ ਆਪਣੀ ਤਰਫ਼ੋਂ ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਦੀ ਜਾਣਕਾਰੀ ਇਕੱਠਾ ਕਰਨ ਲਈ ਤੀਜੀ ਧਿਰ ਨੂੰ ਅਖਤਿਆਰ ਦਿੱਤਾ ਹੈ। ਤੁਹਾਨੂੰ ਇਸ ਸਫੇ ਤੋਂ ਬਾਹਰ ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਵਾਲੇ ਸਫੇ ਉੱਤੇ ਭੇਜਿਆ ਜਾਵੇਗਾ।

ਇਕ ਵਾਰ ਜਦ ਤੁਸੀਂ ਆਪਣਾ ਘੋਸ਼ਣਾ ਪੱਤਰ ਜਮ੍ਹਾਂ ਕਰਵਾ ਦਿੰਦੇ ਹੋ, ਤਾਂ ਤੁਹਾਨੂੰ 'AU- Health Aero no-reply@health.aero' ਤੋਂ ਆਪਣੀ ਪੁਸ਼ਟੀ ਕਰਨ ਵਾਲੀ ਈਮੇਲ ਪ੍ਰਾਪਤ ਹੋਵੇਗੀ

ਔਨਲਾਈਨ ਅਰਜ਼ੀ ਦਿਓ

# ਸੁਰੱਖਿਅਤ ਯਾਤਰਾ ਖੇਤਰ

ਸੁਰੱਖਿਅਤ ਯਾਤਰਾ ਖੇਤਰ ਕਿਸੇ ਹੋਰ ਦੇਸ਼ ਨਾਲ ਆਸਟ੍ਰੇਲੀਆ ਦਾ ਕੁਆਰਨਟੀਨ-ਮੁਕਤ ਯਾਤਰਾ ਕਰਨ ਲਈ ਸਮਝੌਤਾ ਹੈ, ਬਸ਼ਰਤੇ ਕਿ ਕੋਈ ਯਾਤਰੀ ਪਿਛਲੇ 14 ਦਿਨਾਂ ਵਿੱਚ COVID-19 ਫੈਲਣ ਦੇ ਸਥਾਨ ਵਿੱਚ ਨਾ ਰਿਹਾ ਹੋਵੇ। ਵਰਤਮਾਨ ਸਮੇਂ ਵਿੱਚ ਆਸਟ੍ਰੇਲੀਆ ਦਾ ਇਹਨਾਂ ਦੇ ਨਾਲ ਸੁਰੱਖਿਅਤ ਯਾਤਰਾ ਖੇਤਰ ਇਕਰਾਰਨਾਮਾ ਹੈ:

- ਨਿਊਜ਼ੀਲੈਂਡ।

# ਨਿਊਜ਼ੀਲੈਂਡ ਤੋਂ ਸੁਰੱਖਿਅਤ ਯਾਤਰਾ ਖੇਤਰ ਦੀਆਂ ਉਡਾਣਾਂ ਵਾਸਤੇ COVID-19 ਸ਼ਰਤਾਂ

ਵਰਤਮਾਨ ਸਮੇਂ ਨਿਊਜ਼ੀਲੈਂਡ ਤੋਂ ਕੁਆਰਨਟੀਨ-ਮੁਕਤ (ਗਰੀਨ ਜ਼ੋਨ) ਉਡਾਣਾਂ ਵਾਸਤੇ ਕੋਈ COVID-19 ਸ਼ਰਤਾਂ ਲਾਗੂ ਨਹੀਂ ਹਨ।

ਸਾਰੇ ਯਾਤਰੀਆਂ ਨੂੰ ਆਪਣੇ ਪਹੁੰਚਣ ਦੇ ਸਥਾਨ ਅਤੇ ਅੰਤਿਮ ਮੰਜਿਲ ਦੇ ਸਥਾਨ ਦੋਨਾਂ ਵਿੱਚ ਪ੍ਰਬੰਧਾਂ ਦੀ ਜਾਂਚ ਕਰਨੀ ਚਾਹੀਦੀ ਹੈ, ਕਿਉਂਕਿ ਕੁਆਰਨਟੀਨ ਦੀਆਂ ਲੋੜਾਂ ਲਾਗੂ ਹੋ ਸਕਦੀਆਂ ਹਨ।

ਵਧੇਰੇ ਜਾਣਕਾਰੀ ਵਾਸਤੇ, ਸਿਹਤ ਵਿਭਾਗ ਦੇਖੋ: ਅੰਤਰਰਾਸ਼ਟਰੀ ਯਾਤਰੀਆਂ ਵਾਸਤੇ ਕਰੋਨਾਵਾਇਰਸ (COVID-19) ਸਲਾਹ।

## ਆਸਟ੍ਰੇਲੀਆ ਵਿੱਚ ਪਹੁੰਚਣਾ

ਆਸਟ੍ਰੇਲੀਆ ਵਿੱਚ ਹਵਾਈ ਅੱਡਿਆਂ ਵਿੱਚ ਹਰੇ ਅਤੇ ਲਾਲ ਜ਼ੋਨ ਹਨ, ਤਾਂ ਜੋ ਯਾਤਰੀਆਂ ਨੂੰ ਵੱਖ ਵੱਖ ਕਰਨ ਨੂੰ ਯਕੀਨੀ ਬਣਾਇਆ ਜਾ ਸਕੇ, ਜਿੰਨ੍ਹਾਂ ਨੂੰ ਪਹੁੰਚਣ ਤੇ ਕੁਆਰਨਟੀਨ ਕਰਨ ਦੀ ਲੋੜ ਹੁੰਦੀ ਹੈ।

ਜੇ ਤੁਸੀਂ ਕੁਆਰਨਟੀਨ-ਮੁਕਤ ਉਡਾਣ ਉੱਤੇ ਯਾਤਰਾ ਕਰਦੇ ਹੋ, ਤਾਂ ਤੁਹਾਨੂੰ ਆਸਟ੍ਰੇਲੀਆ ਪਹੁੰਚਣ ਵਾਲੇ ਹਵਾਈ ਅੱਡੇ ਵਿੱਚ ਸਰਹੱਦ ਦੀਆਂ ਸਾਰੀਆਂ ਨਿਕਾਸੀ (ਕਲੀਅਰੈਂਸ) ਪ੍ਰਕਿਰਿਆਵਾਂ ਨੂੰ ਪੂਰਾ ਕਰਨ ਲਈ ਗਰੀਨ (ਹਰੇ) ਜ਼ੋਨ ਰਾਹੀਂ ਮਾਰਗ ਦਰਸ਼ਨ ਦਿੱਤਾ ਜਾਵੇਗਾ।

ਹਰੇ ਅਤੇ ਲਾਲ ਯਾਤਰਾ ਖੇਤਰ ਵਿੱਚ ਆਉਣ ਵਾਲੇ ਯਾਤਰੀਆਂ ਵਾਸਤੇ ਵਧੇਰੇ ਜਾਣਕਾਰੀ ਵਾਸਤੇ ਸਿਹਤ ਵਿਭਾਗ ਦੀ ਵੈੱਬਸਾਈਟ ਵੇਖੋ।

## ਸਹਾਇਤਾ

ਜੇ ਤੁਹਾਨੂੰ ATD ਪ੍ਰਣਾਲੀ ਨਾਲ ਸਮੱਸਿਆਵਾਂ ਹਨ, ਤਾਂ ਕਿਰਪਾ ਕਰਕੇ ਆਪਣੇ ਵਾਸਤੇ ਸੇਧ ਵਿੱਚ ਮਦਦ ਲੈਣ ਲਈ ਹੇਠ ਲਿਖਿਆਂ ਦੀ ਵਰਤੋਂ ਕਰੋ।

## ਮੈਂ ATD ਖਾਤਾ ਨਹੀਂ ਬਣਾ ਸਕਦਾ

ਇਸ ਤੋਂ ਪਹਿਲਾਂ ਕਿ ਤੁਸੀਂ ਖਾਤਾ ਬਣਾਓ, ਆਪਣੀ ਈਮੇਲ ਦੀ ਪੁਸ਼ਟੀ ਕਰੋ।

'send verification code' (ਪੁਸ਼ਟੀਕਰਨ ਕੋਡ ਭੇਜੋ) ਉੱਤੇ ਕਲਿੱਕ ਕਰੋ ਅਤੇ ਫਿਰ ਆਪਣੀ ਈਮੇਲ ਦੀ ਜਾਂਚ ਕਰੋ। ਪੁਸ਼ਟੀਕਰਨ ਕੋਡ ਨੂੰ noreply@cps.com.au ਤੋਂ ਭੇਜਿਆ ਜਾਂਦਾ ਹੈ

ਪੜਾਅ 1: ਪੁਸ਼ਟੀਕਰਨ ਕੋਡ ਦਾਖਲ ਕਰੋ ਅਤੇ 'verify code' (ਕੋਡ ਦੀ ਪੁਸ਼ਟੀ ਕਰੋ) ਉੱਤੇ ਕਲਿੱਕ ਕਰੋ

ਪੜਾਅ 2: ਆਪਣਾ ਪਾਸਵਰਡ ਦਾਖਲ ਕਰੋ, ਨਾਮ ਨੂੰ ਵਿਖਾਓ ਅਤੇ 'create' (ਬਣਾਓ) ਉੱਤੇ ਕਲਿੱਕ ਕਰੋ।

ਪੁਸ਼ਟੀਕਰਨ ਕੋਡ **ਮਿਲਣ ਤੋਂ ਸਿਰਫ਼ 4 ਮਿੰਟਾਂ ਲਈ ਜਾਇਜ਼ ਹੈ**।

ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ **30 ਮਿੰਟਾਂ ਦੀ ਬਿਨਾਂ ਸਰਗਰਮੀ** ਦੇ ਬਾਅਦ ਬੰਦ ਹੋ ਜਾਵੇਗਾ।

## ਮੈਂ ਕਿਸੇ ਅਧੂਰੇ ATD ਤੋਂ ਲੌਗ ਆਊਟ (ਬਾਹਰ ਹੋ ਗਿਆ) ਜਾਂ ਸਮਾਂ ਲੰਘ ਜਾਣ ਕਰਕੇ ਬਾਹਰ ਹੋ ਗਿਆ ਹਾਂ

ਤੁਸੀਂ ਅਧੂਰੇ ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਨੂੰ ਸੰਭਾਲ ਕੇ (ਸੇਵ) ਨਹੀਂ ਰੱਖ ਸਕਦੇ।

ਜੇ ਇਸ ਨੂੰ ਪੂਰਾ ਕਰਨ ਤੋਂ ਪਹਿਲਾਂ ਸਮਾਂ ਪੂਰਾ ਹੋ ਜਾਂਦਾ ਹੈ, ਤਾਂ ਤੁਹਾਨੂੰ ਇਕ ਨਵਾਂ ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਸ਼ੁਰੂ ਕਰਨ ਦੀ ਲੋੜ ਪਵੇਗੀ।

## ਮੈਂ ATD ਨੂੰ ਪੂਰਾ ਜਾਂ ਜਮ੍ਹਾਂ ਨਹੀਂ ਕਰ ਸਕਦਾ

ਜੇ ਤੁਸੀਂ ਪੜਾਅ 1 ਤੋਂ ਅੱਗੇ ਨਹੀਂ ਜਾ ਸਕਦੇ, ਤਾਂ ਹੇਠ ਲਿਖਿਆਂ ਦੀ ਜਾਂਚ ਕਰੋ:

- ਤੁਹਾਨੂੰ ਲਾਜ਼ਮੀ ਤੌਰ ਤੇ ਨਵੀਨਤਮ Microsoft Edge (ਮਾਈਕਰੋਸੌਫਟ ਐੱਜ), Safari (ਸਫਾਰੀ), Google Chrome (ਗੂਗਲ ਕਰੋਮ) ਜਾਂ Firefox (ਫਾਇਰ ਫੌਕਸ) ਦੀ ਵਰਤੋਂ ਕਰਨੀ ਚਾਹੀਦੀ ਹੈ। Internet Explorer (ਇੰਟਰਨੈੱਟ ਐਕਸਪਲੋਰਰ) ਕੰਮ ਨਹੀਂ ਕਰੇਗਾ।
- ਆਪਣੇ ਪਾਸਪੋਰਟ ਦੇ ਵੇਰਵੇ ਦਾਖਲ ਕਰਦੇ ਸਮੇਂ, ਯਾਤਰਾ ਦਸਤਾਵੇਜ਼ ਨੰਬਰ ਵਾਲੇ ਖਾਨੇ ਵਿੱਚ ਅੱਖਰਾਂ ਅਤੇ ਅੰਕਾਂ ਤੋਂ ਇਲਾਵਾ ਸਾਰੀਆਂ ਖਾਲੀ ਥਾਵਾਂ ਅਤੇ ਚਿੰਨ੍ਹਾਂ ਨੂੰ ਹਟਾ ਦਿਓ
- ਯਕੀਨੀ ਬਣਾਓ ਕਿ ਵਿਸ਼ੇਸ਼ ਅੱਖਰ ਜਿਵੇਂ ਕਿ ਹਾਈਫਨ (-) ਅਤੇ ਅਪੋਸਟਰੋਫੀ (') ਨੂੰ ਹਟਾ ਦਿੱਤਾ ਗਿਆ ਹੈ (ਨਿੱਜੀ ਜਾਣਕਾਰੀ ਖੇਤਰਾਂ ਵਿੱਚ ਕੇਵਲ ਅੱਖਰਾਂ ਅਤੇ ਨੰਬਰਾਂ ਦੀ ਵਰਤੋਂ ਕਰੋ)।
- ਲਾਲ ਤਾਰੇ (*) ਨਾਲ ਨਿਸ਼ਾਨਬੱਧ ਕੀਤੇ ਸਾਰੇ ਲੋੜੀਂਦੇ ਖੇਤਰਾਂ ਨੂੰ ਪੂਰਾ ਕਰੋ।

ਜੇ ਤੁਸੀਂ ਪੜਾਅ 2 ਤੋਂ ਅੱਗੇ ਨਹੀਂ ਜਾ ਸਕਦੇ, ਤਾਂ ਹੇਠ ਲਿਖਿਆਂ ਦੀ ਜਾਂਚ ਕਰੋ:

- ਸਾਰੇ ਲੋੜੀਂਦੇ ਖੇਤਰਾਂ ਨੂੰ ਪੂਰਾ ਕਰੋ। ਇਹਨਾਂ ਨੂੰ ਲਾਲ ਤਾਰੇ (*) ਨਾਲ ਨਿਸ਼ਾਨਬੱਧ ਕੀਤਾ ਗਿਆ ਹੈ।

ਜੇ ਤੁਸੀਂ ਅੰਤਿਮ ਪੜਾਅ ਤੋਂ ਅੱਗੇ ਨਹੀਂ ਜਾ ਸਕਦੇ, ਤਾਂ ਹੇਠ ਲਿਖਿਆਂ ਦੀ ਜਾਂਚ ਕਰੋ:

- 'Important Notice' (ਮਹੱਤਵਪੂਰਣ ਨੋਟਿਸ) ਲਿੰਕ ਉੱਤੇ ਕਲਿੱਕ ਕਰੋ
- ਜੇ ਤੁਸੀਂ ਸਹਿਮਤੀ ਦੇਣ ਲਈ ਸਹਿਮਤ ਹੋ ਤਾਂ ਘੋਸ਼ਣਾ ਵਾਲੇ ਡੱਬੇ ਵਿੱਚ ਸਹੀ ਦਾ ਨਿਸ਼ਾਨ ਲਗਾਓ
- ਸਕ੍ਰੀਨ ਦੇ ਹੇਠਾਂ 'Submit' (ਜਮ੍ਹਾਂ ਕਰੋ) ਉੱਤੇ ਕਲਿੱਕ ਕਰੋ।

## ATD ਜਮ੍ਹਾਂ ਕਰਨ ਦੇ ਬਾਅਦ ਮੈਨੂੰ ਕੋਈ ਪੁਸ਼ਟੀ ਵਾਲੀ ਈਮੇਲ ਨਹੀਂ ਮਿਲੀ ਹੈ

ਤੁਹਾਡੇ ਆਸਟ੍ਰੇਲੀਆ ਦੇ ਯਾਤਰਾ ਘੋਸ਼ਣਾ ਪੱਤਰ ਦੀ ਪੁਸ਼ਟੀ ਵਾਲੀ ਈਮੇਲ AU-Health Aero (no-reply@health.aero) ਤੋਂ ਆਵੇਗੀ।

ਜੇ ਤੁਸੀਂ ਆਪਣੀ ਆਸਟ੍ਰੇਲੀਆ ਦੀ ਯਾਤਰਾ ਦੇ ਘੋਸ਼ਣਾ ਨਤੀਜੇ ਦੀ ਈਮੇਲ ਨੂੰ ਨਹੀਂ ਵੇਖ ਸਕਦੇ, ਤਾਂ ਆਪਣੇ ਜੰਕ ਜਾਂ ਸਪੈਮ ਫੋਲਡਰ ਦੀ ਜਾਂਚ ਕਰੋ।

ਜੇ ਤੁਹਾਨੂੰ ਕੋਈ ਈਮੇਲ ਪ੍ਰਾਪਤ ਹੁੰਦੀ ਹੈ ਜੋ ਨੀਲੇ ਰੰਗ ਦੀ ਹੈ ਅਤੇ ਵਿਚਾਰ ਅਧੀਨ ਹੈ, ਤਾਂ ਇਹ ਤੁਹਾਡਾ ਅੰਤਿਮ ਨਤੀਜਾ ਹੈ, ਅਤੇ ਹਾਲਾਂਕਿ ਇਹ 'pending' (ਵਿਚਾਰ ਅਧੀਨ) ਦਾ ਜ਼ਿਕਰ ਕਰਦਾ ਹੈ, ਪਰ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਨੀਲਾ ਜਵਾਬ (ਸਮਾਂ ਮਾਪਣ ਵਾਲੀ ਰੇਤ ਘੜੀ ਦੇ ਨਾਲ), ਜਿਸਦਾ ਮਤਲਬ ਕਿ ਤੁਹਾਨੂੰ ਪਹੁੰਚਣ ਤੇ ਕੁਆਰਨਟੀਨ ਕਰਨ ਦੀ ਲੋੜ ਹੈ

ਤੁਸੀਂ ਕਿਸੇ ਵੀ ਸਮੇਂ ਆਪਣੀ ਜਮ੍ਹਾਂ ਕਰਵਾਈ ਅਰਜ਼ੀ ਅਤੇ ਨਤੀਜੇ ਨੂੰ ਵੇਖਣ ਲਈ, ਆਪਣੇ ਆਸਟ੍ਰੇਲੀਆ ਦੀ ਯਾਤਰਾ ਘੋਸ਼ਣਾ ਖਾਤੇ ਵਿੱਚ ਲੌਗ-ਇਨ ਕਰ ਸਕਦੇ ਹੋ।

## ਮੈਂ ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਜਮ੍ਹਾਂ ਕਰਨ ਤੋਂ ਬਾਅਦ ਆਪਣੇ ATD ਖਾਤੇ ਵਿੱਚ ਲੌਗ-ਇਨ ਨਹੀਂ ਕਰ ਸਕਦਾ/ਸਕਦੀ ਹਾਂ

ਜੇ ਤੁਸੀਂ ਆਪਣੇ ਜਮ੍ਹਾਂ ਕੀਤੇ ਆਸਟਰੇਲੀਆ ਦੀ ਯਾਤਰਾ ਦੀ ਘੋਸ਼ਣਾ ਵਿੱਚ ਲੌਗ-ਇਨ ਕਰਨ ਦੇ ਅਯੋਗ ਹੋ, ਤਾਂ ਤੁਸੀਂ ਆਪਣਾ ਪਾਸਵਰਡ ਮੁੜ-ਸੈੱਟ ਕਰ ਸਕਦੇ ਹੋ:

- 'forgot your password?' (ਆਪਣਾ ਪਾਸਵਰਡ ਭੁੱਲ ਗਿਆ/ਭੁੱਲ ਗਈ?) ਉਪਰ ਕਲਿੱਕ ਕਰੋ (ਲੌਗ-ਇਨ ਸਕ੍ਰੀਨ ਉੱਤੇ ਪਾਸਵਰਡ ਵਾਲੇ ਖਾਨੇ ਦੇ ਹੇਠਾਂ)
- ਲੋੜੀਂਦੇ ਖੇਤਰ ਵਿੱਚ ਆਪਣਾ ਈਮੇਲ ਪਤਾ ਦਾਖਲ ਕਰੋ

- ‘submit’ (ਜਮ੍ਹਾਂ ਕਰੋ) ਉੱਤੇ ਕਲਿੱਕ ਕਰੋ
- ਆਪਣੇ ਪਾਸਵਰਡ ਨੂੰ ਮੁੜ-ਸੈੱਟ ਕਰਨ ਵਾਲੇ ਲਿੰਕ ਵਾਸਤੇ ਆਪਣੀ ਈਮੇਲ ਦੀ ਜਾਂਚ ਕਰੋ
- ਆਪਣਾ ਪਾਸਵਰਡ ਮੁੜ-ਸੈੱਟ ਕਰੋ
- ਜਮ੍ਹਾਂ ਕੀਤੇ ਆਸਟਰੇਲੀਆ ਦੀ ਯਾਤਰਾ ਦੇ ਘੋਸ਼ਣਾ ਪੱਤਰ ਵਿੱਚ ਲੌਗ ਇਨ ਕਰੋ।

## ਉਡਾਣ ਦੇ ਵੇਰਵੇ, ਸਹੀ ਤਰੀਕੇ ਨਾਲ ਦਾਖਲ ਕਰੋ

ਆਸਟ੍ਰੇਲੀਆ ਵਿੱਚ ਆਉਣ ਵਾਲੀ ਉਡਾਣ ਦੇ ਵੇਰਵੇ ਦਾਖਲ ਕਰੋ। ਤੁਸੀਂ ਆਪਣੀ ਬੁਕਿੰਗ ਵਾਲੀ ਪੁਸ਼ਟੀ ਉੱਤੇ ਇਸ ਨੂੰ ਵੇਖ ਸਕਦੇ ਹੋ।

ਉਡਾਣ ਨੰਬਰਾਂ ਵਾਸਤੇ ਸਹੀ ਰੂਪ NZ103 (NZ0103 ਨਹੀਂ), QF2 (QF0002 ਨਹੀਂ) ਹੈ।

## ਪਾਸਪੋਰਟ ਜਾਂ ਹੋਰ ਵੇਰਵੇ ਗਲਤ ਤਰੀਕੇ ਨਾਲ ਦਾਖਲ ਕੀਤੇ ਗਏ

ATD ਜਮ੍ਹਾਂ ਕੀਤੇ ਜਾਣ ਤੋਂ ਬਾਅਦ ATD ਨੂੰ ਬਦਲਣਾ ਸੰਭਵ ਨਹੀਂ ਹੈ। ਹਰੇਕ ਘੋਸ਼ਣਾ ਪੱਤਰ ਉਸ ਘੋਸ਼ਣਾ ਵਿੱਚ ਲਿਖੇ ਨਾਮ ਵਾਲੇ ਯਾਤਰੀ ਲਈ ਕੇਵਲ ਇੱਕੋ ਉਡਾਣ ਵਾਸਤੇ ਜਾਇਜ਼ ਹੈ।

ਇਕ ਵਾਰ ਜਦ ਤੁਸੀਂ ਆਪਣਾ ATD ਜਮ੍ਹਾਂ ਕਰ ਦਿੰਦੇ ਹੋ, ਤਾਂ ਤੁਸੀਂ ਆਪਣਾ ਪਾਸਪੋਰਟ ਨੰਬਰ ਠੀਕ ਨਹੀਂ ਕਰ ਸਕਦੇ। ਤੁਹਾਨੂੰ ਆਪਣੇ ATD ਖਾਤੇ ਤੋਂ ਇਕ ਨਵੀਂ ATD ਬਨਾਉਣ ਅਤੇ ਮੌਜੂਦਾ ATD ਨੂੰ ਹਟਾਉਣ ਦੀ ਲੋੜ ਪਵੇਗੀ।

ਹੋਰ ਜਾਣਕਾਰੀ ਜਿਵੇਂ ਕਿ ਨਿੱਜੀ ਵੇਰਵੇ ਜਾਂ ਪਾਸਪੋਰਟ ਦੀ ਮਿਆਦ ਪੁੱਗਣ ਦੀ ਤਰੀਕ ਨੂੰ ਠੀਕ ਕਰਨ ਲਈ, ਤੁਹਾਨੂੰ ਹੋਰ ਈਮੇਲ ਪਤੇ ਤੋਂ ਨਵਾਂ ATD ਖਾਤਾ ਬਨਾਉਣ ਅਤੇ ਨਵੀਂ ATD ਜਮ੍ਹਾਂ ਕਰਨ ਦੀ ਲੋੜ ਪਵੇਗੀ।

ਕਿਰਪਾ ਕਰਕੇ ਨੋਟ ਕਰੋ ਕਿ ਤੁਹਾਡੇ ਵਿਸਥਾਰਾਂ ਨੂੰ ਸਹੀ ਕਰਨ ਲਈ ATD ਨੂੰ ਦੁਬਾਰਾ ਭਰਨ ਵਿੱਚ ਅਸਮਰੱਥਤਾ, ਤੁਹਾਨੂੰ ਤੁਹਾਡੇ ਜਹਾਜ਼ ਵਿੱਚ ਚੜ੍ਹਨ ਵਿੱਚ ਦੇਰੀ ਨਹੀਂ ਕਰੇਗੀ ਜਾਂ ਨਹੀਂ ਰੋਕੇਗੀ, ਪਰ ਤੁਹਾਨੂੰ ਏਅਰਲਾਈਨ ਦੀਆਂ ਵਿਸ਼ੇਸ਼ ਲੋੜਾਂ ਦੀ ਪੂਰਤੀ ਕਰਨੀ ਹੋਵੇਗੀ।